# PC–10388/NH

**BS–2110**

## ਮੁੱਢਲਾ ਗਿਆਨ (ਪੰਜਾਬੀ ਲਾਜ਼ਮੀ)

(Semester–I)

Time : Three Hours] [Maximum Marks : 75

**ਭਾਗ-ੳ**

I. ਕਿਸੇ ਦੋ ਕਵਿਤਾਵਾਂ ਦਾ ਸਾਰ ਲਿਖੋ :

(ੳ) ਹਲ ਵਾਹੁਣ ਵਾਲੇ

(ਅ) ਹੀਰ

(ੲ) ਮੇਲੇ ਵਿਚ ਜੱਟ

(ਸ) ਅਸੀਂ ਲੜਾਂਗੇ ਸਾਥੀ

(ਹ) ਤਾਜ ਮਹੱਲ। 2×5=10

II. ਕਿਸੇ *ਇਕ* ਕਾਵਿ ਟੁਕੜੀ ਦੇ ਭਾਵ ਅਰਥ ਲਿਖੋ :

(ੳ) ਇਸ਼ਕ ਦੀ ਨਵੀਉਂ ਨਵੀਂ ਬਹਾਰ
ਜਾਂ ਮੈਂ ਸਬਕ ਇਸਕ ਦਾ ਪੜ੍ਹਿਆ,
ਮਸਜਦ ਕੋਲੋ ਜੀਉੜਾ ਡਰਿਆ
ਡੇਰੇ ਜਾ ਠਾਕਰ ਦੇ ਵੜਿਆ,
ਜਿੱਥੇ ਵੱਜਦਾ ਨਾਦ ਹਜ਼ਾਰ
ਇਸ਼ਕ ਦੀ ਨਵੀਉਂ ਨਵੀਂ ਬਹਾਰ।

(ਅ) ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵਜਦਾ,
ਕੁਦਰਤ ਦੇ 'ਕਾਦਰ' ਦਾ ਜਲਵਾ
ਲੈਂ ਲੈਂਦਾ ਇਕ ਸਿਜਦਾ
ਰੰਗ ਫੀਰੋਜ਼ੀ, ਝਲਦ ਬਲੋਰੀ
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ
ਜੀ ਵੇਖ ਵੇਖ ਨਹੀਂ ਰਜਦਾ।

(ੲ) ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ। 5

## ਭਾਗ–ਅ

III. ਕਿਸੇ *ਦਸ* ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

ਮੰਦਰ, ਬੁੱਦੀ, ਸਾਦਨ, ਨਿੱਗ, ਮੱਗਰ, ਪੀਂਗ, ਅੰਕ, ਸੱਬ, ਗੋਬੀ, ਅਬਿਆਸ, ਸਬੇਰੇ, ਹਬਾ, ਜਵਾਨ, ਸੁਆਲ, ਸਵਾਦ। 10

IV. ਹੇਠ ਦਿੱਤੇ ਵਾਕਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

(ੳ) ਤੂੰ ਕਿਸ ਨੂੰ ਨਮਸਕਾਰ ਕੀਤੀ ਹੈ

(ਅ) ਪਤਾ ਨਹੀਂ ਮੇਰਾ ਜੀਅ ਕੀਤਾ ਸੀ

(ੲ) ਉਹ ਕਾਲਜ ਗਿਆ ਹੈ

(ਸ) ਕੀ ਉਹ ਕੱਲ ਦਿੱਲੀ ਜਾਵੇਗਾ

(ਹ) ਆਹ ਕਿੰਨਾ ਸੁੰਦਰ ਫੁੱਲ ਹੈ 2×5=10

V. ਕਿਸੇ *ਇਕ* ਵਿਸ਼ੇ 'ਤੇ ਪੈਰ੍ਹਾ ਰਚਨਾ ਲਿਖੋ :

(ੳ) ਸ਼ੋਸ਼ਲ ਮੀਡੀਆ

(ਅ) ਵਿਦਿਆਰਥੀਆਂ ਦਾ ਵਿਦੇਸਾਂ ਵਲ ਵੱਧ ਰਿਹਾ ਰੁਝਾਣ

(ੲ) ਮਾਂ ਬੋਲੀ ਦਾ ਮਹੱਤਵ। 10

## ਭਾਗ–ੲ

VI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਪਾਸ਼ ਦੀ ਕਵਿਤਾ ਦਾ ਮੁੱਖ ਗੁਣ ਕੀ ਹੈ?

2. ਕੈਦੋ ਕੌਣ ਸੀ?

3. ਮਜ਼ਦੂਰਾਂ ਦੇ ਹੱਥ ਅਤੇ ਪੈਰ ਕਿਹੋ ਜਿਹੇ ਸਨ?

4. ਤਾਜ ਮਹੱਲ ਕਿਸ ਦੀ ਰਚਨਾ ਹੈ?

5. ਜੱਟ ਦੁਨੀਆਂ ਨੂੰ ਕੀ ਕੁਝ ਦਿੰਦੇ ਹਨ?

6. ਵਾਰਿਸ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਹੈ?

7. ਸੂਫ਼ੀ ਕੌਣ ਹੁੰਦੇ ਹਨ?

8. ਚੋਜ ਦੇ ਕੀ ਅਰਥ ਹਨ?

9. 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲਾ ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਅਪਣਾਇਆ ਹੋਇਆ ਹੈ?

10. 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਕਿਸ ਦੀ ਰਚਨਾ ਹੈ?

11. ਪ੍ਰੋ: ਮੋਹਨ ਸਿੰਘ ਦੀਆਂ ਕੋਈ ਦੋ ਪੁਸਤਕਾਂ ਦੇ ਨਾਂ ਦੱਸੋ।

12. 'ਬਿਰਹੋਂ ਦਾ ਕਵੀ' ਕਿਸ ਕਵੀ ਨੂੰ ਆਖਿਆ ਜਾਂਦਾ ਹੈ?

13. ਪਾਸ ਕਿਸ ਕਾਵਿ ਧਾਰਾ ਦਾ ਕਵੀ ਸੀ?

14. 'ਕਾਅਬਾ' ਤੋਂ ਕੀ ਭਾਵ ਹੈ?

15. 'ਉੱਜਲ ਤੌਲੀਆ' ਕਿਸ ਦਾ ਪ੍ਰਤੀਕ ਹੈ? $15 \times 2 = 30$

---